General Certificate of Education
Advanced Level Examination
June 2012

# Panjabi PANJ2

**Unit 2 Reading and Writing**

# Insert

**Section 3 Writing Questions 3, 4, 5 and 6**

## Section 3

ਇਸ ਭਾਗ ਵਿੱਚ ਦੋ ਟੌਪਿਕ ਸਾਹਿਤਕ ਅਤੇ ਦੋ ਅਣ-ਸਾਹਿਤਕ ਹਨ। ਹਰੇਕ ਟੌਪਿਕ ਬਾਰੇ ਦੋ ਦੋ ਬਦਲਵੇਂ ਪ੍ਰਸ਼ਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

### Literary Topics

### Topic 1

### ਬਰਤਾਨਵੀ ਪੰਜਾਬੀ ਨਿੱਕੀ ਕਹਾਣੀ

**(The British – Panjabi Short Story)**

**Question 3**

**EITHER**

**3 (a)** ਬਰਤਾਨਵੀ ਪੰਜਾਬੀ ਕਹਾਣੀਆਂ ਦੀ ਜੋ ਵੀ ਕਿਤਾਬ ਤੁਸੀਂ ਪੜ੍ਹੀ ਹੈ, ਉਸ ਨੂੰ ਦਿਲਚਸਪ ਬਣਾਉਣ ਲਈ ਲੇਖਕ ਨੇ ਕਹਾਣੀਆਂ ਵਿੱਚ ਲਿਖਤ ਕਲਾ ਦੀ ਵਰਤੋਂ ਕਿਵੇਂ ਕੀਤੀ ਹੈ ? ਕਿਸੇ ਦੋ ਕਹਾਣੀਆਂ ਦੇ ਆਧਾਰ ਤੇ ਉਦਾਹਰਣਾਂ ਸਹਿਤ ਇੱਕ ਖੋਜ ਭਰਪੂਰ ਲੇਖ ਲਿਖੋ। *(30 marks)*

**OR**

**3 (b)** "ਇੱਕ ਚੰਗਾ ਕਹਾਣੀਕਾਰ ਕਹਾਣੀ ਵਿੱਚ ਸਮਾਜ ਨੂੰ ਸ਼ੀਸ਼ੇ ਵਿੱਚ ਤਸਵੀਰ ਦੀ ਤਰ੍ਹਾਂ ਦਿਖਾ ਦਿੰਦਾ ਹੈ।" ਜਿਹੜਾ ਵੀ ਕਹਾਣੀ ਸੰਗ੍ਰਹਿ ਤੁਸੀਂ ਪੜ੍ਹਿਆ ਹੈ ਉਸ ਤੇ ਇਹ ਗੱਲ ਕਿੱਥੋਂ ਤੱਕ ਢੁਕਦੀ ਹੈ ? ਕਿਸੇ ਦੋ ਕਹਾਣੀਆਂ ਤੇ ਆਧਾਰਿਤ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ। *(30 marks)*

### Topic 2

### ਪੰਜਾਬੀ ਨਾਵਲ

**(The Panjabi Novel)**

**Question 4**

**EITHER**

**4 (a)** ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਨਾਵਲਕਾਰ ਨੇ ਨਾਵਲ ਦੀ ਕਹਾਣੀ ਅੱਗੇ ਤੋਰਨ ਲਈ ਪਾਤਰ ਉਸਾਰੀ ਕਿਵੇਂ ਕੀਤੀ ਹੈ ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ। *(30 marks)*

**OR**

**4 (b)** ਜਿਹੜਾ ਨਾਵਲ ਤੁਸੀਂ ਪੜ੍ਹਿਆ ਹੈ, ਉਸ ਵਿੱਚ ਪੇਸ਼ ਕੀਤੇ ਗਏ ਪਾਤਰਾਂ ਦੇ ਜੀਵਨ ਦੀ ਅੱਜ ਦੇ ਸਮਾਜ ਵਿੱਚ ਰਹਿ ਰਹੇ ਲੋਕਾਂ ਦੇ ਜੀਵਨ ਨਾਲ ਤੁਲਨਾ ਕਰਦੇ ਹੋਏ ਉਦਾਹਰਣਾਂ ਸਹਿਤ ਇੱਕ ਜਾਣਕਾਰੀ ਭਰਪੂਰ ਲੇਖ ਲਿਖੋ। *(30 marks)*

## Non-Literary Topics

### Topic 1

### 1947 ਤੋਂ ਬਾਅਦ ਦੇ ਪੰਜਾਬ ਦਾ ਸਮਾਜਿਕ ਤੇ ਆਰਥਿਕ ਅਧਿਐਨ
**(Socio-Economic Study of the Panjab (India) Since 1947)**

**Question 5**

**EITHER**

**5 (a)** ਪੰਜਾਬ ਵਿੱਚ ਖੇਡਾਂ, ਸਾਈਕਲ ਅਤੇ ਬਿਜਲੀ ਦਾ ਸਾਮਾਨ ਬਣਾਉਣ ਦੇ ਕਾਰਖਾਨੇ ਧੜਾਧੜ ਬੰਦ ਹੋ ਰਹੇ ਹਨ। ਇਸ ਦੇ ਕੀ ਕਾਰਨ ਹਨ ਅਤੇ ਇਸ ਸਮੱਸਿਆ ਨੂੰ ਸੁਲਝਾਉਣ ਲਈ ਕੀ ਕੀਤਾ ਜਾ ਸਕਦਾ ਹੈ? ਇੱਕ ਲੇਖ ਦੇ ਰੂਪ ਵਿੱਚ ਲਿਖੋ। *(30 marks)*

**OR**

**5 (b)** ਪੰਜਾਬ ਵਿੱਚ ਬਹੁਤ ਸਾਰੇ ਲੋਕ ਹੱਥੀਂ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਕਰਦੇ ਹਨ ਅਤੇ ਘਰ ਦਾ ਤੇ ਬਾਹਰਲਾ ਕੰਮ ਨੌਕਰਾਂ ਤੋਂ ਹੀ ਕਰਵਾਉਂਦੇ ਹਨ। ਤੁਹਾਡੇ ਖਿਆਲ ਵਿੱਚ ਅਜਿਹਾ ਕਿਉਂ ਹੈ ਅਤੇ ਇਸ ਦੇ ਇਨ੍ਹਾਂ ਲੋਕਾਂ ਨੂੰ ਕੀ ਨੁਕਸਾਨ ਹੋ ਰਹੇ ਹਨ? *(30 marks)*

### Topic 2

### ਭਾਰਤ ਅਤੇ ਪ੍ਰਦੇਸ ਵਿੱਚ ਪੰਜਾਬੀ ਭਾਈਚਾਰਾ
**(The Panjabi Community in India and Abroad)**

**Question 6**

**EITHER**

**6 (a)** ਬਰਤਾਨੀਆ ਵਿੱਚ ਪੰਜਾਬੀਆਂ ਦੇ ਧਾਰਮਿਕ ਸਥਾਨ ਧਾਰਮਿਕ ਜ਼ਿੰਮੇਵਾਰੀ ਨਿਭਾਉਣ ਤੋਂ ਇਲਾਵਾ ਭਾਈਚਾਰੇ ਦੀ ਸੇਵਾ ਲਈ ਹੋਰ ਕੀ ਕੁਝ ਕਰ ਸਕਦੇ ਹਨ? ਇੱਕ ਲੇਖ ਦੇ ਰੂਪ ਵਿੱਚ ਲਿਖੋ। *(30 marks)*

**OR**

**6 (b)** ਪੰਜਾਬ ਤੋਂ ਵਿਆਹ ਕਰਵਾ ਕੇ ਕੁਝ ਮੁੰਡੇ ਕੁੜੀਆਂ ਨੂੰ ਬਰਤਾਨੀਆ ਵਿੱਚ ਆ ਕੇ ਜਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਬਾਰੇ ਇੱਕ ਜਾਣਕਾਰੀ ਭਰਪੂਰ ਲੇਖ ਲਿਖੋ। ਇਨ੍ਹਾਂ ਨੂੰ ਹੱਲ ਕਰਨ ਲਈ ਤੁਸੀਂ ਕੀ ਸਲਾਹ ਦੇਵੋਗੇ? *(30 marks)*

**END OF QUESTIONS**

**Blank page**

Copyright © 2012 AQA and its licensors. All rights reserved.